AUSTRALIAN COMPETITION & CONSUMER COMMISSION

**Punjabi translation**

# ਵਿਦੇਸ਼ੀ ਪੈਸਾ ਖਰੀਦਣਾ ਅਤੇ ਭੇਜਣਾ

ਵਿਦੇਸ਼ੀ ਮੁਦਰਾ ਸੇਵਾਵਾਂ ਦੇ ਬਹੁਤ ਸਾਰੇ ਪੂਰਤੀਕਰਤਾ (ਸਪਲਾਇਰ) ਹਨ, ਸਿਰਫ਼ ਬੈਂਕ ਹੀ ਅਜਿਹੀ ਸੇਵਾ ਨਹੀਂ ਦਿੰਦੇ ਹਨ। ਅਸੀਂ ਸਿਫ਼ਾਰਿਸ਼ ਕਰਦੇ ਹਾਂ ਕਿ ਤੁਸੀਂ ਵੱਖ-ਵੱਖ ਸਪਲਾਇਰਾਂ ਦੀ ਤੁਲਨਾ ਕਰੋ ਅਤੇ ਸਰਬੋਤਮ ਕੀਮਤ ਪ੍ਰਾਪਤ ਕਰਨ ਲਈ ਉਹਨਾਂ ਵਿਚਕਾਰ ਅਦਲਾ-ਬਦਲੀ ਕਰਨ ਲਈ ਤਿਆਰ ਰਹੋ।


- Shop around (ਆਸ-ਪਾਸ ਤੋਲ-ਮੋਲ ਕਰੋ)
- Sending money overseas (ਵਿਦੇਸ਼ਾਂ ਵਿੱਚ ਪੈਸੇ ਭੇਜਣਾ)
- Travelling overseas (ਵਿਦੇਸ਼ ਯਾਤਰਾ ਕਰਨਾ)
- Debit and credit cards (ਡੈਬਿਟ ਅਤੇ ਕ੍ਰੈਡਿਟ ਕਾਰਡ)
- Travel money cards (ਟ੍ਰੈਵਲ ਮਨੀ ਕਾਰਡ)
- Foreign cash (ਵਿਦੇਸ਼ੀ ਨਕਦੀ)
- Shopping online (ਔਨਲਾਈਨ ਖ਼ਰੀਦਦਾਰੀ)
- If it's not right, use your rights (ਜੇਕਰ ਇਹ ਸਹੀ ਨਹੀਂ ਹੈ, ਤਾਂ ਆਪਣੇ ਅਧਿਕਾਰਾਂ ਦੀ ਵਰਤੋਂ ਕਰੋ)
- More information (ਹੋਰ ਜਾਣਕਾਰੀ)


## ਆਸ-ਪਾਸ ਤੋਲ-ਮੋਲ ਕਰੋ

ਵਫ਼ਾਦਾਰੀ ਨਿਭਾਉਣ ਲਈ ਕਿਸੇ ਸਪਲਾਇਰ ਦੀ ਵਰਤੋਂ ਕਰਨਾ ਤੁਹਾਨੂੰ ਮਹਿੰਗਾ ਪੈ ਸਕਦਾ ਹੈ। ਸਾਡੀ foreign currency conversion services inquiry (ਵਿਦੇਸ਼ੀ ਮੁਦਰਾ ਤਬਦੀਲੀ ਸੇਵਾਵਾਂ ਬਾਰੇ ਪੁੱਛ-ਗਿਛ) ਵਿੱਚ ਇਹ ਪਤਾ ਲੱਗਾ ਹੈ ਕਿ ਵੱਡੇ ਚਾਰ ਬੈਂਕ ਵਿਦੇਸ਼ੀ ਨਕਦੀ ਅਤੇ international money transfers (ਅੰਤਰਰਾਸ਼ਟਰੀ ਮਨੀ ਟ੍ਰਾਂਸਫਰ) (IMTs) ਲਈ ਦੂਜੇ ਸਪਲਾਇਰਾਂ ਨਾਲੋਂ ਲਗਾਤਾਰ ਰੂਪ ਵਿੱਚ ਵੱਧ ਮਹਿੰਗੇ ਹਨ। ਆਮ ਮੁਦਰਾਵਾਂ ਲਈ, ਜਿਵੇਂ ਕਿ ਅਮਰੀਕੀ ਡਾਲਰ (USD) ਜਾਂ ਬ੍ਰਿਟਿਸ਼ ਪੌਂਡ (GBP), ਲਈ ਇਹ ਵੱਡੇ ਚਾਰ ਬੈਂਕ ਬਹੁਤ ਹੀ ਘੱਟ ਸਸਤੇ ਵਿਕਲਪ ਹੁੰਦੇ ਹਨ।

### ਤੁਲਨਾ ਕਰਨ ਵਾਲੀਆਂ ਵੈੱਬਸਾਈਟਾਂ

ਜੇਕਰ ਤੁਸੀਂ ਕਿਸੇ ਵਪਾਰਕ ਤੁਲਨਾ ਕਰਨ ਵਾਲੀਆਂ ਵੈੱਬਸਾਈਟ ਦੀ ਵਰਤੋਂ ਕਰਦੇ ਹੋ, ਤਾਂ ਧਿਆਨ ਰੱਖੋ ਹੋ ਸਕਦਾ ਹੈ ਕਿ ਕੁੱਝ ਵੈੱਬਸਾਈਟਾਂ ਨਿਰਪੱਖ ਨਾ ਹੋਣ ਅਤੇ ਸਪਲਾਇਰ ਆਪਣੀਆਂ ਸੇਵਾਵਾਂ ਦਾ ਪ੍ਰਚਾਰ ਕਰਾਉਣ ਲਈ ਉਨ੍ਹਾਂ ਨੂੰ ਭੁਗਤਾਨ ਕਰ ਸਕਦੇ ਹਨ। ਹੋ ਸਕਦਾ ਹੈ ਕਿ ਤੁਲਨਾ ਕਰਨ ਵਾਲੀਆਂ ਵੈੱਬਸਾਈਟਾਂ ਵਿੱਚ ਸਾਰੀਆਂ ਉਪਲਬਧ ਸੇਵਾਵਾਂ ਸ਼ਾਮਲ ਨਾ ਹੋਣ।

IMTs ਲਈ ਦੋ ਸਰਕਾਰੀ-ਪੈਸੇ ਨਾਲ ਚੱਲਣ ਵਾਲੀਆਂ ਤੁਲਨਾ ਕਰਨ ਵਾਲੀਆਂ ਵੈੱਬਸਾਈਟਾਂ ਮੌਜੂਦ ਹਨ: www.sendmoneypacific.org ਅਤੇ www.saverasia.com, ਜੋ ਕਿ ਕਈ ਦੱਖਣ-ਪੂਰਬੀ ਏਸ਼ੀਆਈ ਅਤੇ ਪ੍ਰਸ਼ਾਂਤ ਟਾਪੂ ਦੇਸ਼ਾਂ ਲਈ ਉਪਲਬਧ IMT ਸੇਵਾਵਾਂ ਦੀਆਂ ਕੀਮਤਾਂ ਦੀ ਤੁਲਨਾ ਕਰਦੀਆਂ ਹਨ।

### ਕੁੱਲ ਕੀਮਤ ਦੀ ਤੁਲਨਾ ਕਰੋ

ਸੇਵਾਵਾਂ ਅਤੇ ਸਪਲਾਇਰਾਂ ਦੀ ਤੁਲਨਾ ਕਰਦੇ ਸਮੇਂ, ਪ੍ਰਚੂਨ ਮੁਦਰਾ ਵਟਾਂਦਰਾ ਦਰ ਅਤੇ ਕੋਈ ਵੀ ਲਾਗੂ ਫ਼ੀਸਾਂ ਸਮੇਤ ਕੀਮਤ ਦੇ ਸਾਰੇ ਹਿੱਸਿਆਂ 'ਤੇ ਗੌਰ ਕਰੋ। ਸਿਰਫ਼ ਇਸ ਲਈ ਕਿਉਂਕਿ ਕਿਸੇ ਸੇਵਾ ਦਾ 'ਫ਼ੀਸ ਮੁਕਤ' ਹੋਣ ਵਜੋਂ ਇਸ਼ਤਿਹਾਰ ਦਿੱਤਾ ਜਾਂਦਾ ਹੈ, ਇਸਦਾ ਮਤਲਬ ਇਹ ਨਹੀਂ ਹੈ ਕਿ ਇਹ ਸਭ ਤੋਂ ਸਸਤਾ ਵਿਕਲਪ ਹੋਵੇਗਾ।

ਐਕਸਚੇਂਜ ਦਰਾਂ (ਮੁਦਰਾ ਵਟਾਂਦਰਾ ਦਰਾਂ) ਵੱਖ-ਵੱਖ ਸਪਲਾਇਰਾਂ ਕੋਲ ਵੱਖੋ-ਵੱਖਰੀਆਂ ਹੁੰਦੀਆਂ ਹਨ ਅਤੇ ਵਿਰਲੇ ਹੀ ਖਬਰਾਂ ਵਿੱਚ ਦੱਸੀਆਂ ਗਈਆਂ ਐਕਸਚੇਂਜ ਦਰਾਂ ਜਿੰਨੀਆਂ ਘੱਟ ਹੀ ਚੰਗੀਆਂ ਹੁੰਦੀਆਂ ਹਨ। ਇਹ ਇਸ ਲਈ ਹੈ ਕਿਉਂਕਿ ਉਹਨਾਂ ਵਿੱਚ ਮੁਨਾਫ਼ਾ ਜਾਂ ਵੇਚਣ ਲਈ ਵਧਾਈ ਗਈ ਕੀਮਤ ਸ਼ਾਮਲ ਹੁੰਦੀ ਹੈ।

ਸਟੀਕ ਤੁਲਨਾ ਕਰਨ ਲਈ, ਉਸੇ ਦਿਨ ਇੱਕੋ ਸਮੇਂ 'ਤੇ ਕੀਮਤਾਂ ਦੀ ਤੁਲਨਾ ਕਰੋ, ਉਦਾਹਰਨ ਲਈ, ਸਪਲਾਇਰ ਵੈੱਬਸਾਈਟਾਂ 'ਤੇ। ਕੁੱਝ ਸਪਲਾਇਰ ਛੋਟ ਦੀ ਪੇਸ਼ਕਸ਼ ਵੀ ਕਰ ਸਕਦੇ ਹਨ, ਖ਼ਾਸ ਕਰਕੇ ਵੱਡੇ ਜਾਂ ਬਾਰ-ਬਾਰ ਹੋਣ ਵਾਲੇ ਲੈਣ-ਦੇਣ ਲਈ।

### ਔਨਲਾਈਨ ਖ਼ਰੀਦੋ

ਦੇਖੋ ਕਿ ਕੀ ਤੁਸੀਂ IMTs, ਵਿਦੇਸ਼ੀ ਨਕਦੀ ਅਤੇ ਯਾਤਰਾ ਮਨੀ ਕਾਰਡਾਂ ਦੀ ਔਨਲਾਈਨ ਖ਼ਰੀਦਦਾਰੀ ਕਰ ਸਕਦੇ ਹੋ, ਕਿਉਂਕਿ ਬਹੁਤ ਸਾਰੇ ਸਪਲਾਇਰ ਔਨਲਾਈਨ ਕੀਤੀਆਂ ਮੁਦਰਾ ਖ਼ਰੀਦਾਂ ਲਈ ਬਿਹਤਰ ਰਿਟੇਲ ਐਕਸਚੇਂਜ ਦਰਾਂ ਦੇਣ ਅਤੇ ਘੱਟ ਫ਼ੀਸਾਂ ਲੈਣ ਦੀ ਪੇਸ਼ਕਸ਼ ਕਰਦੇ ਹਨ। ਵਿਦੇਸ਼ੀ ਨਕਦੀ ਹੋਰ ਸਥਾਨਾਂ ਦੇ ਮੁਕਾਬਲੇ ਹਵਾਈ ਅੱਡੇ 'ਤੇ ਖਰੀਦਣ ਲਈ ਵਧੇਰੇ ਮਹਿੰਗੀ ਹੁੰਦੀ ਹੈ।

## ਵਿਦੇਸ਼ਾਂ ਵਿੱਚ ਪੈਸੇ ਭੇਜਣਾ

ਖ਼ਾਸ ਤੌਰ 'ਤੇ IMT ਜਾਂ ਪੈਸੇ ਭੇਜਣ ਦੀਆਂ ਸੇਵਾਵਾਂ ਲਈ ਆਲੇ-ਦੁਆਲੇ ਤੋਲ-ਮੋਲ ਕਰਕੇ ਖ਼ਰੀਦਦਾਰੀ ਕਰਨਾ ਮਹੱਤਵਪੂਰਨ ਹੁੰਦਾ ਹੈ। ਸਾਨੂੰ IMT ਸਪਲਾਇਰਾਂ ਵਿੱਚ ਕੀਮਤ ਦੇ ਪੱਖ ਤੋਂ ਮਹੱਤਵਪੂਰਨ ਫ਼ਰਕ ਮਿਲੇ ਹਨ ਅਤੇ ਜੇਕਰ ਤੁਸੀਂ ਕਿਸੇ IMT ਸੇਵਾ ਦੁਆਰਾ ਨਿਯਮਿਤ ਤੌਰ 'ਤੇ ਵੱਡੇ-ਮੁੱਲ ਵਾਲੇ ਲੈਣ-ਦੇਣ ਕਰਦੇ ਹੋ ਤਾਂ ਬੱਚਤ ਕਾਫ਼ੀ ਹੋ ਸਕਦੀ ਹੈ।

ਸਾਡੀ ਖੋਜ ਵਿੱਚ ਪਤਾ ਲੱਗਾ ਹੈ ਕਿ ਕੁੱਝ ਸਥਿਤੀਆਂ ਵਿੱਚ ਜੇਕਰ ਉਪਭੋਗਤਾ ਸਸਤੀ ਸੇਵਾ ਲਈ ਆਲੇ-ਦੁਆਲੇ ਤੋਲ-ਮੋਲ ਕਰਕੇ ਖ਼ਰੀਦਦਾਰੀ ਕਰਦੇ ਹਨ, ਤਾਂ ਉਹ USD7000 ਟ੍ਰਾਂਸਫਰ ਕਰਨ 'ਤੇ AUD500 ਤੱਕ ਦੀ ਬੱਚਤ ਕਰ ਸਕਦੇ ਹਨ।

ਅਸੀਂ ਇਹ ਵੀ ਪਾਇਆ ਕਿ ਕੇਵਲ ਬੈਂਕ ਹੀ ਅਜਿਹਾ ਕਰਨ ਦਾ ਇੱਕੋ-ਇੱਕ ਸੁਰੱਖਿਅਤ ਵਿਕਲਪ ਨਹੀਂ ਹਨ ਅਤੇ ਉਹ ਹਮੇਸ਼ਾ ਸਭ ਤੋਂ ਤੇਜ਼ ਪੈਸੇ ਦੀ ਡਿਲੀਵਰੀ ਦੀ ਪੇਸ਼ਕਸ਼ ਨਹੀਂ ਕਰਦੇ ਹਨ।

### ਵਧੀਕ ਫ਼ੀਸਾਂ

IMT ਸੇਵਾਵਾਂ ਲਈ ਖ਼ਰੀਦਦਾਰੀ ਕਰਦੇ ਸਮੇਂ, ਸਪਲਾਇਰਾਂ ਨੂੰ ਪੁੱਛੋ ਕਿ ਕੀ ਤੁਹਾਡੇ ਦੁਆਰਾ ਟ੍ਰਾਂਸਫਰ ਕੀਤੇ ਫੰਡਾਂ ਵਿੱਚੋਂ ਕੋਈ ਫ਼ੀਸਾਂ ਕੱਟੀਆਂ ਜਾਣਗੀਆਂ। ਇਹਨਾਂ ਨੂੰ ਅਕਸਰ ਕੌਰਸਪੌਂਡੈਂਟ ਬੈਂਕਿੰਗ ਫ਼ੀਸ (ਵਿਚੋਲਗਰੀ ਬੈਂਕ ਫ਼ੀਸ) ਕਿਹਾ ਜਾਂਦਾ ਹੈ।

ਜੇਕਰ ਫ਼ੀਸਾਂ ਦੀ ਕਟੌਤੀ ਕੀਤੀ ਜਾਵੇਗੀ, ਤਾਂ ਸਪਲਾਇਰ ਨੂੰ ਪੁੱਛੋ:

- ਅੰਦਾਜ਼ਾਨਤ ਫੰਡ ਜੋ ਪ੍ਰਾਪਤਕਰਤਾ ਨੂੰ ਦਿੱਤੇ ਜਾਣਗੇ (ਕੁੱਝ ਸਪਲਾਇਰਾਂ ਕੋਲ ਇੱਕ ਔਨਲਾਈਨ ਟੂਲ ਹੁੰਦਾ ਹੈ ਜਿਸ ਨਾਲ ਤੁਸੀਂ ਇਹ ਪਤਾ ਕਰ ਸਕਦੇ ਹੋ)
- ਕੀ ਤੁਸੀਂ ਸਾਰੀਆਂ ਫ਼ੀਸਾਂ ਦਾ ਭੁਗਤਾਨ ਪਹਿਲਾਂ ਹੀ ਕਰ ਸਕਦੇ ਹੋ ਕਿਉਂਕਿ ਅਜਿਹਾ ਕਰਨਾ ਬਿਹਤਰ ਮੁੱਲ ਵਾਲਾ ਵਿਕਲਪ ਹੋ ਸਕਦਾ ਹੈ
- ਕੀ ਪ੍ਰਾਪਤਕਰਤਾ ਦਾ ਬੈਂਕ ਵੀ ਕੋਈ ਫ਼ੀਸ ਲਵੇਗਾ।

## ਵਿਦੇਸ਼ ਯਾਤਰਾ ਕਰਨਾ

ਵਿਦੇਸ਼ ਦੀ ਯਾਤਰਾ ਕਰਨ ਤੋਂ ਪਹਿਲਾਂ, ਵਿਦੇਸ਼ਾਂ ਵਿੱਚ ਹੋਣ ਦੌਰਾਨ ਲੈਣ-ਦੇਣ ਕਰਨ ਲਈ ਉਪਲਬਧ ਵੱਖ-ਵੱਖ ਵਿਦੇਸ਼ੀ ਮੁਦਰਾ ਸੇਵਾਵਾਂ 'ਤੇ ਵਿਚਾਰ ਕਰੋ।

ਵਿਦੇਸ਼ਾਂ ਵਿੱਚ ਯਾਤਰਾ ਕਰਨ ਲਈ ਭੁਗਤਾਨ ਵਿਧੀ ਦੀ ਚੋਣ ਕਰਨ ਵੇਲੇ ਵਿਚਾਰਨ ਲਈ ਇਹ ਚਾਰ ਮੁੱਖ ਕਾਰਕ ਹਨ:

1. ਸਵੀਕ੍ਰਿਤੀ - ਕੀ ਇਹ ਭੁਗਤਾਨ ਵਿਧੀ ਤੁਹਾਡੀ ਵਿਦੇਸ਼ੀ ਮੰਜ਼ਿਲ **ਵਿਖੇ** ਵਿਆਪਕ ਤੌਰ 'ਤੇ ਸਵੀਕਾਰ ਕੀਤੀ ਜਾਂਦੀ ਹੈ?
2. ਕੀਮਤ ਦੀ ਨਿਸ਼ਚਿਤਤਾ - ਕੀ ਤੁਸੀਂ ਜਾਣਦੇ ਹੋ ਕਿ ਕੁੱਲ ਕੀਮਤ ਕਿੰਨੀ ਹੋਣ ਜਾ ਰਹੀ ਹੈ?
3. ਸੁਵਿਧਾ – ਇਸਦੀ ਆਵਾਜਾਈ ਅਤੇ ਵਰਤੋਂ ਕਰਨਾ ਕਿੰਨਾ ਆਸਾਨ ਹੈ?
4. ਸੁਰੱਖਿਆ - ਜੇਕਰ ਇਹ ਗੁੰਮ ਜਾਂ ਚੋਰੀ ਹੋ ਜਾਂਦੀ ਹੈ ਤਾਂ ਕੀ ਹੋਵੇਗਾ?

## ਡੈਬਿਟ ਅਤੇ ਕ੍ਰੈਡਿਟ ਕਾਰਡ

ਆਮ ਤੌਰ 'ਤੇ ਡੈਬਿਟ ਜਾਂ ਕ੍ਰੈਡਿਟ ਕਾਰਡ ਵਿਦੇਸ਼ਾਂ ਵਿੱਚ ਖ਼ਰੀਦਦਾਰੀ ਕਰਨ ਲਈ ਸਭ ਤੋਂ ਸਸਤਾ ਵਿਕਲਪ ਹੁੰਦਾ ਹੈ, ਇਸ ਤੋਂ ਵੀ ਵੱਧ ਉਨ੍ਹਾਂ ਕ੍ਰੈਡਿਟ ਅਤੇ ਡੈਬਿਟ ਕਾਰਡਾਂ ਦੁਆਰਾ ਜੋ ਅੰਤਰਰਾਸ਼ਟਰੀ ਲੈਣ-ਦੇਣ ਦੀ ਫ਼ੀਸ ਨਹੀਂ ਲੈਂਦੇ ਹਨ।

ਸਾਡੀ ਖੋਜ ਨੇ ਪਾਇਆ ਹੈ ਕਿ:

- ਜੇਕਰ ਵੱਡੇ ਚਾਰ ਬੈਂਕਾਂ ਦੇ ਗਾਹਕਾਂ ਨੇ ਟ੍ਰੈਵਲ ਮਨੀ ਕਾਰਡ ਦੀ ਬਜਾਏ ਅੰਤਰਰਾਸ਼ਟਰੀ ਟ੍ਰਾਂਜੈਕਸ਼ਨ ਫ਼ੀਸ ਦੇ ਬਿਨਾਂ ਡੈਬਿਟ ਜਾਂ ਕ੍ਰੈਡਿਟ ਕਾਰਡ ਦੀ ਵਰਤੋਂ ਕੀਤੀ ਹੁੰਦੀ, ਤਾਂ ਉਹ USD200 ਦੀ ਖ਼ਰੀਦ 'ਤੇ AUD13 ਤੱਕ ਦੀ ਬੱਚਤ ਕਰ ਸਕਦੇ ਸਨ।
- ਇਹ ਬੱਚਤਾਂ ਉਨ੍ਹਾਂ ਡੈਬਿਟ ਜਾਂ ਕ੍ਰੈਡਿਟ ਕਾਰਡਾਂ ਲਈ ਵਧੇਰੇ ਮਾਮੂਲੀ ਹਨ ਜਿਨ੍ਹਾਂ 'ਤੇ ਅੰਤਰਰਾਸ਼ਟਰੀ ਟ੍ਰਾਂਜੈਕਸ਼ਨ ਫੀਸਾਂ ਲਾਗੂ ਹੁੰਦੀਆਂ ਹਨ। ਵੱਡੇ ਚਾਰ ਬੈਂਕਾਂ ਦੇ ਗਾਹਕ ਜੇਕਰ ਟ੍ਰੈਵਲ ਮਨੀ ਕਾਰਡ ਦੀ ਬਜਾਏ 'ਰੈਗੂਲਰ' ਡੈਬਿਟ ਜਾਂ ਕ੍ਰੈਡਿਟ ਕਾਰਡ ਦੀ ਵਰਤੋਂ ਕਰਦੇ ਹਨ ਤਾਂ ਉਹ USD200 ਦੀ ਖ਼ਰੀਦ 'ਤੇ AUD5 ਤੱਕ ਦੀ ਬੱਚਤ ਕਰ ਸਕਦੇ ਹਨ।

ਕਿਸੇ ਕਾਰਡ ਦੀ ਚੋਣ ਕਰਦੇ ਸਮੇਂ ਤੁਹਾਨੂੰ ਸਾਰੀਆਂ ਲਾਗੂ ਫ਼ੀਸਾਂ 'ਤੇ ਵਿਚਾਰ ਕਰਨਾ ਚਾਹੀਦਾ ਹੈ। ਕਈ ਹੋਰ ਫ਼ੀਸਾਂ ਡੈਬਿਟ ਅਤੇ ਕ੍ਰੈਡਿਟ ਕਾਰਡਾਂ ਨਾਲ ਜੁੜੀਆਂ ਹਨ, ਜਿਵੇਂ ਕਿ ਕ੍ਰੈਡਿਟ ਕਾਰਡਾਂ 'ਤੇ ਸਾਲਾਨਾ ਫ਼ੀਸਾਂ ਅਤੇ ਵਿਆਜ਼ ਖ਼ਰਚੇ।

ਡੈਬਿਟ ਜਾਂ ਕ੍ਰੈਡਿਟ ਕਾਰਡ ਆਮ ਤੌਰ 'ਤੇ ਰਿਟੇਲ ਐਕਸਚੇਂਜ ਦਰਾਂ ਬਾਰੇ ਉਹੀ ਨਿਸ਼ਚਤਤਾ ਪ੍ਰਦਾਨ ਨਹੀਂ ਕਰਦੇ ਹਨ ਜੋ ਕਿ ਟ੍ਰੈਵਲ ਮਨੀ ਕਾਰਡ ਅਤੇ ਵਿਦੇਸ਼ੀ ਨਕਦੀ ਕਰਦੇ ਹਨ। ਜਦੋਂ ਤੁਸੀਂ ਆਪਣੇ ਡੈਬਿਟ ਜਾਂ ਕ੍ਰੈਡਿਟ ਕਾਰਡ ਨਾਲ ਖ਼ਰੀਦਦਾਰੀ ਕਰਦੇ ਹੋ ਤਾਂ ਹੋ ਸਕਦਾ ਹੈ ਕਿ ਤੁਹਾਨੂੰ ਉਸ ਸਮੇਂ ਦੇ ਰਿਟੇਲ ਐਕਸਚੇਂਜ ਰੇਟ ਦਾ ਪਤਾ ਨਾ ਹੋਵੇ, ਜਿਵੇਂ ਜਦੋਂ ਤੁਸੀਂ ਕਿਸੇ ਟ੍ਰੈਵਲ ਮਨੀ ਕਾਰਡ 'ਤੇ ਵਿਦੇਸ਼ੀ ਮੁਦਰਾ ਲੋਡ ਕਰਦੇ ਹੋ ਜਾਂ ਵਿਦੇਸ਼ੀ ਨਕਦੀ ਖਰੀਦਦੇ ਹੋ ਉਸ ਵੇਲੇ ਤੁਹਾਨੂੰ ਇਹ ਪਤਾ ਹੁੰਦਾ ਹੈ।

### ਆਸਟ੍ਰੇਲੀਅਨ ਡਾਲਰਾਂ ਵਿੱਚ ਭੁਗਤਾਨ ਕਰਨਾ ਵਧੇਰੇ ਮਹਿੰਗਾ ਹੋ ਸਕਦਾ ਹੈ

ਡੈਬਿਟ ਜਾਂ ਕ੍ਰੈਡਿਟ ਕਾਰਡ ਦੀ ਵਰਤੋਂ ਕਰਦੇ ਸਮੇਂ, ਕੁੱਝ ਵਪਾਰੀ ਤੁਹਾਨੂੰ ਆਸਟ੍ਰੇਲੀਅਨ ਡਾਲਰ ਜਾਂ ਕਿਸੇ ਹੋਰ ਮੁਦਰਾ ਵਿੱਚ ਭੁਗਤਾਨ ਕਰਨ ਦਾ ਵਿਕਲਪ ਦੇ ਸਕਦੇ ਹਨ। ਇਸ ਨੂੰ ਡਾਇਨਾਮਿਕ ਕਰੰਸੀ ਪਰਿਵਰਤਨ ਕਿਹਾ ਜਾਂਦਾ ਹੈ। ਆਸਟ੍ਰੇਲੀਅਨ ਡਾਲਰ ਵਿੱਚ ਭੁਗਤਾਨ ਕਰਨਾ ਵਧੇਰੇ ਮਹਿੰਗਾ ਵਿਕਲਪ ਹੋ ਸਕਦਾ ਹੈ।

ਜੇਕਰ ਕੋਈ ਵਿਦੇਸ਼ੀ ਬੈਂਕ ਲੈਣ-ਦੇਣ ਦੀ ਪ੍ਰਕਿਰਿਆ ਕਰਦਾ ਹੈ ਅਤੇ ਵਿਦੇਸ਼ੀ ਮੁਦਰਾ ਪਰਿਵਰਤਨ ਪੂਰਾ ਕਰਦਾ ਹੈ, ਤਾਂ ਇਹ ਆਮ ਤੌਰ 'ਤੇ ਲੈਣ-ਦੇਣ 'ਤੇ ਮੁਨਾਫ਼ਾ ਕਮਾਉਣ ਲਈ ਐਕਸਚੇਂਜ ਦਰ ਵਿੱਚ ਆਪਣਾ ਮੁਨਾਫ਼ਾ ਜਾਂ ਵੇਚ ਦਰ ਜੋੜਦਾ ਹੈ। ਨਾਲ ਹੀ, ਆਸਟ੍ਰੇਲੀਆਈ ਡਾਲਰਾਂ ਵਿੱਚ ਭੁਗਤਾਨ ਕਰਨ ਦੇ ਬਾਵਜੂਦ, ਤੁਹਾਡਾ ਕਾਰਡ ਜਾਰੀਕਰਤਾ ਤੁਹਾਡੇ ਤੋਂ ਹਾਲੇ ਵੀ ਅੰਤਰਰਾਸ਼ਟਰੀ ਟ੍ਰਾਂਜੈਕਸ਼ਨ ਫ਼ੀਸ ਲੈ ਸਕਦਾ ਹੈ ਕਿਉਂਕਿ ਇਹ ਲੈਣ-ਦੇਣ ਵਿਦੇਸ਼ ਵਿੱਚ ਹੋਇਆ ਸੀ।

## ਟ੍ਰੈਵਲ ਮਨੀ ਕਾਰਡ

ਸਪਲਾਇਰ 'ਤੇ ਨਿਰਭਰ ਕਰਦੇ ਹੋਏ, ਟ੍ਰੈਵਲ ਮਨੀ ਕਾਰਡਾਂ ਨਾਲ ਜੁੜੀਆਂ ਕਈ ਫ਼ੀਸਾਂ ਉਹਨਾਂ ਨੂੰ ਹੋਰ ਸੇਵਾਵਾਂ ਨਾਲੋਂ ਮਹਿੰਗਾ ਬਣਾ ਸਕਦੀਆਂ ਹਨ, ਜਿਸ ਵਿੱਚ ਸ਼ਾਮਲ ਹਨ:

- ਸਟੋਰ ਵਿੱਚ ਕਾਰਡ ਖਰੀਦਣ ਦੀਆਂ ਫ਼ੀਸਾਂ
- ATM ਫ਼ੀਸਾਂ
- ਅਕਿਰਿਆਸ਼ੀਲਤਾ ਅਤੇ ਬੰਦ ਕਰਨ ਦੀਆਂ ਫ਼ੀਸਾਂ।

ਟ੍ਰੈਵਲ ਮਨੀ ਕਾਰਡ ਖ਼ਾਸ ਤੌਰ 'ਤੇ ਇੱਕ ਮਹਿੰਗਾ ਵਿਕਲਪ ਹੋਵੇਗਾ ਜਦੋਂ ਇਸ ਨੂੰ ਕਿਸੇ ਅਜਿਹੀ ਮੁਦਰਾ ਦੇ ਲੈਣ-ਦੇਣ ਲਈ ਵਰਤਿਆ ਜਾਂਦਾ ਹੈ ਜੋ ਉਸ ਕਾਰਡ 'ਤੇ ਲੋਡ ਨਹੀਂ ਹੁੰਦੀ ਹੈ।

ਸਾਡੀ ਖੋਜ ਨੇ ਪਾਇਆ ਕਿ ਜੇਕਰ ਵੱਡੇ ਚਾਰ ਬੈਂਕਾਂ ਵਿੱਚੋਂ ਇੱਕ ਦੇ ਨਾਲ ਕਿਸੇ ਟ੍ਰੈਵਲ ਮਨੀ ਕਾਰਡ ਧਾਰਕ ਨੇ ਮਈ 2019 ਵਿੱਚ ਕਿਸੇ ਵਿਦੇਸ਼ੀ ATM ਤੋਂ GBP ਵਿੱਚ AUD100 ਦੇ ਬਰਾਬਰ ਦੀ ਰਕਮ ਕਢਵਾਈ ਹੋਵੇ, ਅਤੇ GBP ਨੂੰ ਉਸ ਟ੍ਰੈਵਲ ਮਨੀ ਕਾਰਡ ਵਿੱਚ ਪਹਿਲਾਂ ਤੋਂ ਲੋਡ ਨਹੀਂ ਕੀਤਾ ਗਿਆ ਸੀ, ਤਾਂ ਉਹਨਾਂ ਤੋਂ ਲਗਭਗ GBP2 (ਲਗਭਗ AUD3.70) ਦੀ ATM ਫ਼ੀਸ ਅਤੇ 5.25 ਪ੍ਰਤੀਸ਼ਤ ਮੁਦਰਾ ਪਰਿਵਰਤਨ ਫ਼ੀਸ ਦਾ ਚਾਰਜ ਲਿਆ ਗਿਆ। ਇਸ ਲੈਣ-ਦੇਣ ਲਈ ਕੁੱਲ ਫ਼ੀਸ ਲਗਭਗ AUD8.90 ਜਾਂ ਲੈਣ-ਦੇਣ ਦੀ ਰਕਮ ਦਾ ਲਗਭਗ 9 ਪ੍ਰਤੀਸ਼ਤ ਹੋਵੇਗੀ।

## ਵਿਦੇਸ਼ੀ ਨਕਦੀ

ਹਾਲਾਂਕਿ ਵਿਦੇਸ਼ੀ ਨਕਦ ਖ਼ਰੀਦਦਾਰੀ ਕਰਨ ਲਈ ਟ੍ਰੈਵਲ ਮਨੀ ਕਾਰਡਾਂ ਅਤੇ ਡੈਬਿਟ ਜਾਂ ਕ੍ਰੈਡਿਟ ਕਾਰਡਾਂ ਦੀ ਵਰਤੋਂ ਕਰਨ ਨਾਲੋਂ ਖਰੀਦਣ ਲਈ ਮੁਕਾਬਲਤਨ ਵਧੇਰੇ ਮਹਿੰਗਾ ਹੁੰਦਾ ਹੈ, ਇਹ ਕੁਝ ਵਿਦੇਸ਼ੀ ਸਥਾਨਾਂ ਲਈ ਜ਼ਰੂਰੀ ਹੋ ਸਕਦਾ ਹੈ। ਕੁਝ ਸਥਾਨਾਂ ਵਿੱਚ ਡੈਬਿਟ, ਕ੍ਰੈਡਿਟ ਅਤੇ ਟ੍ਰੈਵਲ ਮਨੀ ਕਾਰਡ ਵਿਆਪਕ ਤੌਰ 'ਤੇ ਸਵੀਕਾਰ ਨਹੀਂ ਕੀਤੇ ਜਾਂਦੇ ਹਨ ਅਤੇ ਖ਼ਰੀਦਦਾਰੀ ਕਰਨ ਲਈ ਨਕਦ ਦੀ ਲੋੜ ਹੁੰਦੀ ਹੈ।

ਵਿਦੇਸ਼ ਵਿੱਚ ਵਿਦੇਸ਼ੀ ਮੁਦਰਾ ਨਕਦੀ ਕਢਵਾਉਣ ਲਈ ਆਪਣੇ ਟ੍ਰੈਵਲ ਮਨੀ, ਡੈਬਿਟ ਜਾਂ ਕ੍ਰੈਡਿਟ ਕਾਰਡ ਦੀ ਵਰਤੋਂ ਕਰਨ ਤੋਂ ਪਹਿਲਾਂ ਸਾਰੀਆਂ ਲਾਗੂ ਫ਼ੀਸਾਂ ਦੀ ਜਾਂਚ ਕਰੋ। ਕਾਰਡ ਜਾਰੀਕਰਤਾਵਾਂ ਅਤੇ ਵਿਦੇਸ਼ੀ ATM ਆਪਰੇਟਰਾਂ ਦੁਆਰਾ ਚਾਰਜ ਕੀਤੇ ਜਾਣ ਵਾਲੀਆ ਵੱਖ-ਵੱਖ ਫ਼ੀਸਾਂ ਦੇ ਕਾਰਨ ਆਸਟ੍ਰੇਲੀਆ ਵਿੱਚ ਵਿਦੇਸ਼ੀ ਨਕਦੀ ਖਰੀਦਣ ਨਾਲੋਂ ਇਹਨਾਂ ਕਾਰਡਾਂ ਦੀ ਵਰਤੋਂ ਕਰਨਾ ਜ਼ਿਆਦਾ ਮਹਿੰਗਾ ਹੋ ਸਕਦਾ ਹੈ। ਕ੍ਰੈਡਿਟ ਕਾਰਡ ਦੀ ਵਰਤੋਂ ਕਰਦੇ ਹੋਏ ਨਕਦ ਐਡਵਾਂਸ ਕਢਵਾਉਣ ਲਈ ਫ਼ੀਸਾਂ ਅਤੇ ਵਿਆਜ਼ ਖ਼ਰਚੇ ਵੀ ਹੋ ਸਕਦੇ ਹਨ।

### ਹਵਾਈ ਅੱਡੇ ਤੋਂ ਬਚੋ

ਵਿਦੇਸ਼ੀ ਨਕਦੀ ਹੋਰ ਸਥਾਨਾਂ ਦੇ ਮੁਕਾਬਲੇ ਹਵਾਈ ਅੱਡਿਆਂ 'ਤੇ ਵਧੇਰੇ ਮਹਿੰਗੀ ਹੁੰਦੀ ਹੈ। ਆਲੇ-ਦੁਆਲੇ ਤੋਲ-ਮੋਲ ਕਰੋ ਅਤੇ ਪੈਸੇ ਬਚਾਉਣ ਲਈ ਹਵਾਈ ਅੱਡੇ 'ਤੇ ਪਹੁੰਚਣ ਤੋਂ ਪਹਿਲਾਂ ਵਿਦੇਸ਼ੀ ਨਕਦੀ ਖਰੀਦੋ।

ਸਾਡੀ ਖੋਜ ਨੇ ਪਾਇਆ ਕਿ ਫਰਵਰੀ 2019 ਵਿੱਚ USD200 ਖਰੀਦਣ ਵਾਲੇ ਖਪਤਕਾਰ ਹਵਾਈ ਅੱਡੇ 'ਤੇ ਸਭ ਤੋਂ ਮਹਿੰਗੇ ਸਪਲਾਇਰ ਦੇ ਮੁਕਾਬਲੇ, ਏਅਰਪੋਰਟ ਦੀ ਬਜਾਏ ਕਿਸੇ ਹੋਰ ਸਥਾਨ 'ਤੇ ਸਭ ਤੋਂ ਸਸਤੇ ਸਪਲਾਇਰ ਤੋਂ ਖ਼ਰੀਦ ਕੇ AUD40 ਦੀ ਬੱਚਤ ਕਰ ਸਕਦੇ ਸਨ।

## ਔਨਲਾਈਨ ਖ਼ਰੀਦਦਾਰੀ

ਜੇਕਰ ਤੁਸੀਂ ਆਸਟ੍ਰੇਲੀਆ ਤੋਂ ਨਿਯਮਿਤ ਤੌਰ 'ਤੇ ਵਿਦੇਸ਼ੀ ਖ਼ਰੀਦਦਾਰੀ ਕਰਦੇ ਹੋ ਜਾਂ ਵਿਦੇਸ਼ਾਂ ਦੀ ਯਾਤਰਾ ਕਰਦੇ ਹੋ, ਤਾਂ ਤੁਹਾਨੂੰ ਅੰਤਰਰਾਸ਼ਟਰੀ ਟ੍ਰਾਂਜੈਕਸ਼ਨ ਫ਼ੀਸ-ਮੁਕਤ ਕ੍ਰੈਡਿਟ ਜਾਂ ਡੈਬਿਟ ਕਾਰਡ (ਸਾਰੀਆਂ ਲਾਗੂ ਫ਼ੀਸਾਂ ਅਤੇ ਖਰਚਿਆਂ ਦੀ ਤੁਲਨਾ ਕਰਦੇ ਹੋਏ) 'ਤੇ ਵਿਚਾਰ ਕਰਨਾ ਚਾਹੀਦਾ ਹੈ।

ਅੰਤਰਰਾਸ਼ਟਰੀ ਟ੍ਰਾਂਜੈਕਸ਼ਨ ਫ਼ੀਸਾਂ ਆਮ ਤੌਰ 'ਤੇ ਖ਼ਰੀਦ ਕੀਮਤ ਦਾ ਲਗਭਗ 3 ਪ੍ਰਤੀਸ਼ਤ ਹੁੰਦੀਆਂ ਹਨ। ਜੇਕਰ ਤੁਹਾਡੇ ਕੋਲ ਅੰਤਰਰਾਸ਼ਟਰੀ ਟ੍ਰਾਂਜੈਕਸ਼ਨ ਫ਼ੀਸ-ਮੁਕਤ ਕ੍ਰੈਡਿਟ ਜਾਂ ਡੈਬਿਟ ਕਾਰਡ ਨਹੀਂ ਹੈ, ਤਾਂ ਤੁਸੀਂ ਇਹਨਾਂ ਦੁਆਰਾ ਔਨਲਾਈਨ ਖ਼ਰੀਦਦਾਰੀ ਕਰਦੇ ਸਮੇਂ ਇਹਨਾਂ ਫ਼ੀਸਾਂ ਤੋਂ ਬਚ ਸਕਦੇ ਹੋ:

- ਇਹ ਜਾਂਚ ਕੇ ਕਿ ਕੀ ਲੈਣ-ਦੇਣ ਦੀ ਕਾਰਵਾਈ ਵਿਦੇਸ਼ ਵਿੱਚ ਕੀਤੀ ਜਾਵੇਗੀ।
- ਇਹ ਪੁੱਛ ਕੇ ਕਿ ਕੀ ਤੁਹਾਡਾ ਬੈਂਕ ਖਾਸ ਭੁਗਤਾਨ ਕਾਰਡਾਂ ਲਈ ਅੰਤਰਰਾਸ਼ਟਰੀ ਲੈਣ-ਦੇਣ ਨੂੰ ਬਲੌਕ ਕਰਨ ਦੇ ਯੋਗ ਹੈ।

ਨੋਟ **ਕਰੋ**: ਹੋ ਸਕਦਾ ਹੈ ਕਿ ਵੈੱਬਸਾਈਟ ਤੋਂ ਇਹ ਸਪੱਸ਼ਟ ਨਾ ਹੋਵੇ ਕਿ ਅੰਤਰਰਾਸ਼ਟਰੀ ਟ੍ਰਾਂਜੈਕਸ਼ਨ ਫ਼ੀਸ ਲਾਗੂ ਹੋਵੇਗੀ। ਭਾਵੇਂ ਕਿਸੇ ਵੈੱਬਸਾਈਟ ਦਾ '.com.au' ਡੋਮੇਨ ਨਾਮ ਜਾਂ ਕੀਮਤਾਂ ਆਸਟ੍ਰੇਲੀਅਨ ਡਾਲਰ ਵਿੱਚ ਹਨ, ਇਸਦਾ ਮਤਲਬ ਇਹ ਨਹੀਂ ਹੈ ਕਿ ਕਾਰੋਬਾਰ ਭੁਗਤਾਨ ਦੀ ਪ੍ਰਕਿਰਿਆ ਆਸਟ੍ਰੇਲੀਆ ਵਿੱਚ ਪੂਰੀ ਕਰੇਗਾ।

### ਆਸਟ੍ਰੇਲੀਆਈ ਖਪਤਕਾਰ ਕਾਨੂੰਨ

ਜੇਕਰ ਤੁਹਾਡੇ ਤੋਂ ਕਿਸੇ ਅਜਿਹੇ ਕਾਰੋਬਾਰ ਦੁਆਰਾ, ਜੋ ਆਸਟ੍ਰੇਲੀਆ ਵਿੱਚ ਸਥਿਤ ਪ੍ਰਤੀਤ ਹੁੰਦਾ ਹੈ, ਆਸਟ੍ਰੇਲੀਆਈ ਡਾਲਰਾਂ ਵਿੱਚ ਖ਼ਰੀਦਦਾਰੀ ਲਈ ਅਚਾਨਕ ਅੰਤਰਰਾਸ਼ਟਰੀ ਲੈਣ-ਦੇਣ ਦੀ ਫ਼ੀਸ ਲਈ ਜਾਂਦੀ ਹੈ, ਤਾਂ ਇਸਨੂੰ Australian Consumer Law (ਆਸਟ੍ਰੇਲੀਆਈ ਖਪਤਕਾਰ ਕਾਨੂੰਨ) ਦੇ ਤਹਿਤ ਗੁੰਮਰਾਹਕੁੰਨ ਮੰਨਿਆ ਜਾ ਸਕਦਾ ਹੈ। ਤੁਹਾਨੂੰ ਰਿਫੰਡ ਦੀ ਬੇਨਤੀ ਕਰਨ ਲਈ ਆਪਣੇ ਕਾਰਡ ਜਾਰੀਕਰਤਾ (ਉਦਾਹਰਨ ਲਈ, ਤੁਹਾਡਾ ਬੈਂਕ) ਜਾਂ ਅੰਤਰਰਾਸ਼ਟਰੀ ਕਾਰਡ ਸਕੀਮ (ਉਦਾਹਰਨ ਲਈ, ਮਾਸਟਰਕਾਰਡ ਜਾਂ ਵੀਜ਼ਾ) ਨਾਲ ਸੰਪਰਕ ਕਰਨਾ ਚਾਹੀਦਾ ਹੈ।

**ਜੇ ਇਹ ਸਹੀ ਨਹੀਂ ਹੈ, ਤਾਂ ਆਪਣੇ ਅਧਿਕਾਰਾਂ ਦੀ ਵਰਤੋਂ ਕਰੋ**

ਜੇਕਰ ਤੁਸੀਂ ਸੋਚਦੇ ਹੋ ਕਿ ਤੁਹਾਨੂੰ ਅੰਤਰਰਾਸ਼ਟਰੀ ਟ੍ਰਾਂਜੈਕਸ਼ਨ ਫ਼ੀਸ ਬਾਰੇ ਗੁੰਮਰਾਹ ਕੀਤਾ ਗਿਆ ਹੈ ਅਤੇ ਤੁਸੀਂ ਇਸ ਨੂੰ ਕਾਰੋਬਾਰ ਜਾਂ ਤੁਹਾਡੇ ਬੈਂਕ ਨਾਲ ਹੱਲ ਨਹੀਂ ਕਰ ਸਕਦੇ ਹੋ, ਤਾਂ ਤੁਸੀਂ ACCC ਨੂੰ ਇਸਦੀ ਰਿਪੋਰਟ ਕਰ ਸਕਦੇ ਹੋ।

| ਹੋਰ ਜਾਣਕਾਰੀ |
| --- |
| ਵਿਦੇਸ਼ੀ ਮੁਦਰਾ ਪਰਿਵਰਤਨ ਸੇਵਾਵਾਂ ਦੀ ਜਾਂਚ - ਅੰਤਮ ਰਿਪੋਰਟ |